# ਪੰਜਾਬ ਸਕੂਲ ਸਿੱਖਿਆ ਬੋਰਡ

## ਜ਼ਰੂਰੀ ਸੂਚਨਾਂ

ਬੋਰਡ ਦੀਆਂ ਮੈਟ੍ਰਿਕ/ਸੀਨੀਅਰ ਸੈਕੰਡਰੀ, ਪ੍ਰੀਖਿਆਵਾਂ ਮਾਰਚ 2013 ਦੇ ਨਕਲ ਰਹਿਤ ਸੰਚਾਲਨ ਦੇ ਸੰਕਲਪ ਨੂੰ ਪੂਰਾ ਕਰਨ ਲਈ ਮਾਨਯੋਗ ਸਿੱਖਿਆ ਮੰਤਰੀ, ਪੰਜਾਬ ਜੀ ਦੀ ਅਗਵਾਈ ਵਿੱਚ ਡਾਇਰੈਕਟਰ ਜਨਰਲ (ਸਕੂਲ ਸਿੱਖਿਆ), ਚੇਅਰਪਰਸਨ (ਪੰਜਾਬ ਸਕੂਲ ਸਿੱਖਿਆ ਬੋਰਡ), ਸਿੱਖਿਆ ਵਿਭਾਗ ਅਤੇ ਬੋਰਡ ਦੇ ਸਮੂਹ ਅਧਿਕਾਰੀਆਂ ਦੀ ਟੀਮ ਇਕਜੁੱਟ ਹੋ ਕੇ ਇਹ ਕਾਰਜ ਕਰ ਰਹੇ ਹਨ। ਚੇਅਰਪਰਸਨ, ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਸਮੂਹ ਜਿਲ੍ਹਾ ਸਿੱਖਿਆ ਅਫਸਰਾਂ ਨੂੰ ਪੱਤਰ ਭੇਜ ਕੇ ਬੇਨਤੀ ਕੀਤੀ ਗਈ ਹੈ ਕਿ ਜੇਕਰ ਕੋਈ ਵੀ ਅਣਅਧਿਕਾਰਤ/ਫਰਜ਼ੀ ਫਲਾਇੰਗ ਸੁਕੈਅਡ/ਓਵਜਰਵਰਜ਼/ਨਿਗਰਾਨ ਅਮਲਾ ਪ੍ਰੀਖਿਆ ਕੇਂਦਰਾਂ ਦੀ ਚੈਕਿੰਗ ਕਰਦਾ ਹੋਇਆ ਉਹਨਾਂ ਦੇ ਨੋਟਿਸ ਵਿੱਚ ਆਉਂਦਾ ਹੈ ਤਾਂ ਉਹ ਉਸਦੀ ਰਿਪੋਰਟ ਤੁਰੰਤ ਡੀ.ਜੀ.ਐੱਸ.ਈ. ਜੀ ਅਤੇ ਚੇਅਰਪਰਸਨ, ਪੰਜਾਬ ਸਕੂਲ ਸਿੱਖਿਆ ਬੋਰਡ ਨੂੰ ਸਿੱਧੇ ਤੌਰ ਤੇ ਭੇਜਣਗੇ ਤਾਂ ਜੋ ਉਹਨਾਂ ਵਿਰੁੱਧ ਤੁਰੰਤ ਅਨੁਸਾਸ਼ਨੀ ਕਾਰਵਾਈ ਕੀਤੀ ਜਾ ਸਕੇ।

ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ।